THE PUNJAB STATE BOARD OF TECHNICAL EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਨੰ/ਪੀ.ਐਸ.ਬੀ.ਟੀ/ਆਈ.ਟੀ.ਆਈ/2017/ 3001 ਮਿਤੀ: 20-11-17

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ ਅਤੇ ਪ੍ਰਾਈਵੇਟ ਆਈ.ਟੀ.ਆਈ ਸੰਸਥਾਵਾਂ (ਐਨ.ਸੀ.ਵੀ.ਟੀ ਸਕੀਮ ਅਧੀਨ)
ਪੰਜਾਬ ਰਾਜ ਅਧੀਨ।

ਵਿਸ਼ਾ: **Final Call for issuance of pending legacy NTC's through NCVT MIS-portal.**

ਉਪਰੋਕਤ ਵਿਸ਼ੇ ਸਬੰਧੀ ਬੋਰਡ ਦਫਤਰ ਵੱਲੋਂ ਆਈ.ਟੀ.ਆਈ ਸੰਸਥਾਵਾਂ ਤੋਂ ਵਾਰ ਵਾਰ ਪੈਡਿੰਗ ਐਨ.ਟੀ.ਸੀ ਸਰਟੀਫਿਕੇਟ ਜਾਰੀ ਕਰਨ ਸਬੰਧੀ ਡਾਟਾ ਦੀ ਮੰਗ ਕੀਤੀ ਜਾਂਦੀ ਰਹੀ ਹੈ ਅਤੇ ਬਹੁਤ ਸਾਰੇ ਸਰਟੀਫਿਕੇਟ ਬੋਰਡ ਦਫਤਰ ਵਲੋ ਜਾਰੀ ਕੀਤੇ ਜਾ ਚੁੱਕੇ ਹਨ। ਪਰ ਇਹ ਦੇਖਣ ਵਿੱਚ ਆਇਆ ਹੈ ਕਿ ਕੁਝ ਆਈ.ਟੀ.ਆਈ ਸੰਸਥਾਵਾਂ ਦੁਆਰਾ ਅਜੇ ਤੱਕ ਵੀ ਨਿਰਧਾਰਿਤ ਫਾਰਮੇਟ ਅਨੁਸਾਰ ਡਾਟਾ (ਰਜਿਸਟ੍ਰੇਸ਼ਨ ਨੰਬਰਾਂ ਸਮੇਤ) ਨਹੀਂ ਭੇਜਿਆ ਗਿਆ ਹੈ।

ਉਪਰੋਕਤ ਦੇ ਸਨਮੁੱਖ ਸਮੂਹ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਆਖਿਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜਿੰਨ੍ਹਾਂ ਸੰਸਥਾਵਾਂ ਦੇ ਸੈਸ਼ਨ 2013 ਤੱਕ ਦੇ ਐਨ.ਟੀ.ਸੀ ਸਰਟੀਫਿਕੇਟ ਪੈਡਿੰਗ ਪਏ ਹਨ ਉਹਨਾਂ ਦੁਆਰਾ ਐਨ.ਟੀ.ਸੀ ਸਰਟੀਫਿਕੇਟਾਂ ਸਬੰਧੀ ਡਾਟਾ ਨਿਰਧਾਰਿਤ ਫਾਰਮੇਟ (ਨੱਥੀ) ਵਿੱਚ ਭਰ ਕੇ ਬੋਰਡ ਦਫਤਰ ਦੇ ਈਮੇਲ ਅਡਰੈਸ ntc.certificate@gmail.com ਤੇ ਮਿਤੀ 24-11-2017 ਸ਼ਾਮ 5 ਵਜੇ ਤੱਕ ਹਰ ਹਾਲਤ ਵਿਚ ਭੇਜਣਾ (ਮੰਗ ਅਨੁਸਾਰ ਲੋੜੀਂਦੀ Undertaking ਸਮੇਤ) ਯਕੀਨੀ ਬਣਾਇਆ ਜਾਵੇ। ਜੇਕਰ ਨਿਰਧਾਰਿਤ ਮਿਤੀ ਤੱਕ ਡਾਟਾ ਬੋਰਡ ਦਫਤਰ ਵਿਖੇ ਪ੍ਰਾਪਤ ਨਹੀਂ ਹੁੰਦਾ ਹੈ ਜਾਂ ਨਿਰਧਾਰਿਤ ਮਿਤੀ ਤੋਂ ਬਾਅਦ ਕੋਈ ਕੇਸ ਪ੍ਰਾਪਤ ਹੁੰਦਾ ਹੈ ਤਾਂ ਬੋਰਡ ਦਫਤਰ ਵਲੋਂ ਉਸ ਸੰਸਥਾ ਦੇ ਅਧਿਕਾਰੀ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਸਰਟੀਫਿਕੇਟ ਨਾਂ ਜਾਰੀ ਹੋਣ ਦੀ ਸੂਰਤ ਵਿੱਚ ਪੂਰਨ ਜ਼ਿੰਮੇਵਾਰੀ ਸਬੰਧਤ ਸੰਸਥਾ ਦੇ ਮੁਖੀ ਦੀ ਹੀ ਠਹਿਰਾਈ ਜਾਵੇਗੀ। ਇਸ ਦੇ ਨਾਲ ਜਿੰਨ੍ਹਾਂ ਸੰਸਥਾਵਾਂ ਦੇ ਸਿਖਿਆਰਥੀਆਂ ਦੇ ਐਨ.ਟੀ.ਸੀ ਸਰਟੀਫਿਕੇਟਾਂ ਵਿੱਚ ਕਿਸੇ ਪ੍ਰਕਾਰ ਦੀ ਕੋਈ ਕੁਰੈਕਸ਼ਨ (ਸਿਖਿਆਰਥੀ ਦਾ ਨਾਮ, ਪਿਤਾ ਦਾ ਨਾਮ, ਜਨਮ ਮਿਤੀ, ਸੈਸ਼ਨ ਆਦਿ) ਹੈ, ਉਹਨਾਂ ਦੁਆਰਾ ਲੋੜੀਂਦੀ ਫੀਸ ਸਮੇਤ ਡਾਟਾ ਬੋਰਡ ਦਫਤਰ ਵਿਖੇ ਭੇਜਿਆ ਜਾਵੇਗਾ ਅਤੇ ਕੁਰੈਕਸ਼ਨ ਨੂੰ ਹਾਈਲਾਈਟ ਕੀਤਾ ਜਾਵੇਗਾ ਅਤੇ ਸੰਸਥਾ ਆਪਣਾ ਐਫਿਲੇਸ਼ਨ ਰਿਕਾਰਡ ਵੀ ਬੋਰਡ ਦਫਤਰ ਵਿਖੇ ਜਮਾਂ ਕਰਵਾਇਆ ਜਾਵੇ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਅਤੇ ਯੋਗ ਕਾਰਵਾਈ ਪਹਿਲ ਦੇ ਆਧਾਰ ਤੇ ਕੀਤੀ ਜਾਵੇ ਜੀ ।

ਨੋਟ :- ਸੈਸ਼ਨ 2014 ਅਤੇ ਇਸ ਤੋ ਬਾਅਦ ਦੇ ਸਰਟੀਫਿਕੇਟ ਡੀ.ਜੀ.ਟੀ ਨਵੀ ਦਿੱਲੀ ਵੱਲੋ ਸੰਸਥਾਵਾਂ ਨੂੰ ਪੋਰਟਲ ਤੇ ਜਾਰੀ ਕੀਤੀ ਜਾਣੇ ਹਨ।

ਨੱਥੀ:- ਉਪਰੋਕਤ ਅਨੁਸਾਰ

20.11.17
ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ 20/11/17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ /ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ/ ਸਕੱਤਰ ਸਾਹਿਬ
2. ਸਿਸਟਮ ਐਡਮਿਨਸਟਰੇਟਰ
3. ਐਡਮਿਨ ਸ਼ਾਖਾ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

## UNDERTAKING

This is to certify that all the details of the data sent regarding pending NTC's of this institute........................................................................ has been personally checked by me and the information given in the data is correct and complete to the best of my knowlwdge and nothing has been concealed there in. It is submitted that no data is pending with the institute. This is also to certify that data pertains to pass out eligible trainees only and is correct and complete in all the respects and is strictly according to the affiliated trades and units approved by DGT, New Delhi. It is also certified that institute will not indent for any NTC other than mentioned in the submitted data.

Signature (with date) and Stamp
of Principal

Contact No. of Principal

Contact no. of concerned dealing assistant